# ਬਾਣੀ ਨਿਰੰਕਾਰ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਰੋਜ਼ਾਨਾ ਹੁਕਮਨਾਮਾ



ਬਾਣੀ ਨਿਰੰਕਾਰ ਐਪ ਹੁਣ ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਉਪਲਬਧ ਹੈ।

## ਨੇਤਰਹੀਣ ਭਾਈ ਗੁਰਮੇਜ ਸਿੰਘ ਜੀ ਨੇ ਲਿਖੀ ਬ੍ਰੇਲ ਲਿਪੀ ਵਿੱਚ ਗੁਰਬਾਣੀ - ਪੰਨਾ 2




## ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਨੂੰ ਸਮਰਪਿਤ ਪੰਜਾਬ ਦੀ ਝਾਕੀ - ਪੰਨਾ 3



## ਵਿਸ਼ੇਸ਼ ਇੰਟਰਵਿਊ ਪੜ੍ਹੋ - ਗਿਆਨੀ ਪਵਿੱਤਰ ਸਿੰਘ ਜੀ ਢਾਡੀ ਪਰੰਪਰਾ ਦੇ ਮਹਾਨ ਪ੍ਰਚਾਰਕ - ਪੰਨਾ 5







## ਸਿੱਖ ਨੌਜਵਾਨ ਨੇ ਬਦਲਿਆ ਕੈਨੇਡਾ ਦਾ ਕਾਨੂੰਨ - ਪੰਨਾ 2

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਆਡੀਓ ਸੁਣੋ - ਪੰਨਾ 3

## ਫਰਵਰੀ ਮਹੀਨੇ ਦਾ ਸਿੱਖ ਕਲੰਡਰ ਦੇਖੋ - ਪੰਨਾ 6



## ਸਾਖੀ ਪੜ੍ਹੋ ਬਾਦਸ਼ਾਹ ਹਮਾਯੂੰ ਅਤੇ ਗੁਰੂ ਅੰਗਦ ਦੇਵ ਜੀ - ਪੰਨਾ 6

## ਗੁਰਦੁਆਰਾ ਮੁਕਤਸਰ ਸਾਹਿਬ ਦਾ ਇਤਿਹਾਸ ਪੜ੍ਹੋ - ਪੰਨਾ 8

DOWNLOAD OUR APP
Download on App Store
GET IT ON Google Play
www.baninirankar.com

Further Queries use email :
support@baninirankar.com
For Support Call :
90 51 50 1313

JOIN US NOW
/BaniNirankar13

# ਦੁਨੀਆਂ ਭਰ ਦੇ ਗੁਰਦੁਆਰਿਆਂ ਤੋਂ ਸਿੱਧਾ ਪ੍ਰਸਾਰਣ

## ਸਿੱਖ ਨੌਜਵਾਨ ਨੇ ਬਦਲਿਆ ਕੈਨੇਡਾ ਦਾ ਕਾਨੂੰਨ

ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਵੜਿੰਗ ਨਾਲ ਸੰਬੰਧਿਤ ਪ੍ਰਭਜੋਤ ਸਿੰਘ, ਜੋ ਕਿ ਸਾਲ 1987 ਵਿੱਚ ਕੈਨੇਡਾ ਵਿੱਚ ਜਨਮੇ ਹਨ, ਨੇ ਹਾਲ ਹੀ ਵਿੱਚ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ ਹੈ। ਕੈਨੇਡਾ ਵਿੱਚ ਵਕੀਲ ਵਜੋਂ ਪ੍ਰੈਕਟਿਸ ਕਰਨ ਤੋਂ ਬਾਅਦ ਵਕਾਲਤ ਕਰਨ ਲਈ ਕਾਨੂੰਨੀ ਤੌਰ ’ਤੇ ਰਾਜੇ ਕਿੰਗ ਚਾਰਲਸ (King Charles) ਪ੍ਰਤੀ ਸਹੁੰ ਚੁੱਕਣੀ ਲਾਜ਼ਮੀ ਸੀ। ਪਰ ਪ੍ਰਭਜੋਤ ਸਿੰਘ ਨੇ ਇਹ ਕਹਿ ਕੇ ਸਹੁੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਨ ਅਤੇ ਆਪਣੇ ਗੁਰੂ ਤੋਂ ਉੱਪਰ ਕਿਸੇ ਹੋਰ ਨੂੰ ਨਹੀਂ ਮੰਨ ਸਕਦੇ। ਉਨ੍ਹਾਂ ਦਾ ਸਪਸ਼ਟ ਕਹਿਣਾ ਸੀ ਕਿ ਉਹ ਵਕਾਲਤ ਤਾਂ ਕਰਨਗੇ, ਪਰ ਆਪਣੀ ਸਿੱਖੀ ਸਿਦਕ ਦੇ ਖ਼ਿਲਾਫ਼ ਜਾ ਕੇ ਸਹੁੰ ਨਹੀਂ ਚੁੱਕਣਗੇ। ਇਸ ਮਾਮਲੇ ਨੂੰ ਲੈ ਕੇ ਪ੍ਰਭਜੋਤ ਸਿੰਘ ਨੇ ਪਹਿਲਾਂ ਸਾਲ ਹੇਠਲੀ ਅਦਾਲਤ ਵਿੱਚ ਅਪੀਲ ਕੀਤੀ, ਪਰ ਉੱਥੇ ਸਾਲ 2023 ਵਿੱਚ ਉਨ੍ਹਾਂ ਦੀ ਅਪੀਲ ਖ਼ਾਰਜ ਕਰ ਦਿੱਤੀ ਗਈ। ਇਸ ਤੋਂ ਬਾਅਦ ਪ੍ਰਭਜੋਤ ਸਿੰਘ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ ਅਤੇ ਆਪਣੇ ਧਾਰਮਿਕ ਅਧਿਕਾਰਾਂ ਸਬੰਧੀ ਦਲੀਲਾਂ ਪੇਸ਼ ਕੀਤੀਆਂ। ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਮਾਣਯੋਗ ਅਦਾਲਤ ਨੇ ਸੁਣਵਾਈ ਦੌਰਾਨ 1912 ਤੋਂ ਚਲਦਾ ਆ ਰਿਹਾ ਉਸ ਕਾਨੂੰਨ ਨੂੰ ਹੀ ਬਦਲ ਦਿੱਤਾ, ਜਿਸ ਅਧੀਨ ਕਿਸੇ ਵੀ ਅਹੁਦੇ ’ਤੇ ਜਾਣ ਲਈ ਰਾਜੇ ਪ੍ਰਤੀ ਸਹੁੰ ਲਾਜ਼ਮੀ ਸੀ। ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਹੁਣ ਕਿਸੇ ਵੀ ਵਿਅਕਤੀ ਨੂੰ ਕਿਸੇ ਅਹੁਦੇ ਜਾਂ ਪੇਸ਼ੇ ਲਈ ਰਾਜੇ ਦੀ ਸਹੁੰ ਚੁੱਕਣ ਲਈ ਮਜਬੂਰ ਨਹੀਂ ਕੀਤਾ ਜਾ ਸਕੇਗਾ। ਇਹ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਬਲਕਿ ਧਾਰਮਿਕ ਆਜ਼ਾਦੀ ਅਤੇ ਵਿਅਕਤੀਗਤ ਅਧਿਕਾਰਾਂ ਦੀ ਵੱਡੀ ਜਿੱਤ ਹੈ। ਇਸ ਫੈਸਲੇ ਤੋਂ ਬਾਅਦ ਨਾ ਸਿਰਫ਼ ਸਿੱਖ ਸਮੁਦਾਏ ਵਿੱਚ ਹੀ ਨਹੀਂ , ਸਗੋਂ ਪੂਰੇ ਕੈਨੇਡਾ ਵਿੱਚ ਚਰਚਾ ਦਾ ਮਾਹੌਲ ਬਣਿਆ ਹੋਇਆ ਹੈ।










## ਨੇਤਰਹੀਣ ਭਾਈ ਗੁਰਮੇਜ ਸਿੰਘ ਜੀ ਨੇ ਲਿਖੀ ਬ੍ਰੇਲ ਲਿਪੀ ਵਿੱਚ ਗੁਰਬਾਣੀ

87 ਸਾਲ ਦੀ ਉਮਰ ਵਿੱਚ ਨੇਤਰਹੀਣ ਰਾਗੀ ਭਾਈ ਗੁਰਮੇਜ ਸਿੰਘ ਜੀ ਨੇ ਬ੍ਰੇਲ ਲਿਪੀ ਵਿੱਚ ਸੰਪੂਰਨ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਲਿਖ ਕੇ ਇਕ ਵਿਲੱਖਣ ਅਤੇ ਇਤਿਹਾਸਕ ਕਾਰਜ ਸੰਪੰਨ ਕੀਤਾ ਹੈ। ਰਾਗੀ ਭਾਈ ਗੁਰਮੇਜ ਸਿੰਘ ਜੀ ਦੁਨੀਆਂ ਦੇ ਪਹਿਲੇ ਸਿੱਖ ਹਨ, ਜਿਨ੍ਹਾਂ ਨੇ ਨੇਤਰਹੀਣ ਹੋਣ ਦੇ ਬਾਵਜੂਦ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬ੍ਰੇਲ ਲਿਪੀ ਵਿੱਚ ਤਬਦੀਲ ਕੀਤਾ ਹੈ। ਭਾਈ ਗੁਰਮੇਜ ਸਿੰਘ ਜੀ ਦਾ ਜਨਮ ਸੰਨ 1940 ਵਿੱਚ ਹੋਇਆ। ਸਿਰਫ਼ 8 ਸਾਲ ਦੀ ਉਮਰ ਵਿੱਚ ਚੇਚਕ ਦੀ ਬਿਮਾਰੀ ਕਾਰਨ ਭਾਈ ਸਾਹਿਬ ਜੀ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ। ਪਰ ਗੁਰੂ ਸਾਹਿਬ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਭਾਈ ਸਾਹਿਬ ਜੀ ਨੇ ਅੰਮ੍ਰਿਤਸਰ ਵਿਖੇ ਕੀਰਤਨ ਦੀ ਵਿਦਿਆ ਹਾਸਲ ਕੀਤੀ ਅਤੇ ਨਾਲ ਹੀ ਬ੍ਰੇਲ ਲਿਪੀ ਦੀ ਸਿਖਲਾਈ ਵੀ ਲਈ। ਭਾਈ ਗੁਰਮੇਜ ਸਿੰਘ ਜੀ ਨੇ ਲਗਭਗ 28 ਸਾਲ ਤੱਕ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਵਜੋਂ ਕੀਰਤਨ ਦੀ ਸੇਵਾ ਨਿਭਾਈ। ਅੱਜ ਉਨ੍ਹਾਂ ਵੱਲੋਂ ਬ੍ਰੇਲ ਲਿਪੀ ਵਿੱਚ ਸੰਪੂਰਨ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਲਿਖੇ ਜਾਣ ਨਾਲ ਲੱਖਾਂ ਨੇਤਰਹੀਣ ਭਾਈ-ਭੈਣ ਗੁਰਬਾਣੀ ਨਾਲ ਜੁੜ ਸਕਣਗੇ ਅਤੇ ਹੁਣ ਉਹ ਵੀ ਗੁਰਬਾਣੀ ਪੜ੍ਹ ਸਕਣਗੇ। ਭਾਈ ਗੁਰਮੇਜ ਸਿੰਘ ਜੀ ਦਾ ਇਹ ਮਹਾਨ ਕਾਰਜ ਪੂਰੀ ਸਿੱਖ ਸੰਗਤ ਲਈ ਪ੍ਰੇਰਣਾ ਦਾ ਸਰੋਤ ਹੈ।






# ਗੁਰਮੁਖੀ , ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਬਾਣੀ ਪੜ੍ਹ ਸਕਦੇ ਹੋ

## ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਨੂੰ ਸਮਰਪਿਤ ਪੰਜਾਬ ਦੀ ਝਾਕੀ

ਭਾਰਤ ਦੇ 77ਵੇਂ ਗਣਤੰਤਰ ਦਿਵਸ ਮੌਕੇ ਪੰਜਾਬ ਦੀ ਝਾਕੀ ਖਿੱਚ ਦਾ ਕੇਂਦਰ ਰਹੀ। ਇਹ ਝਾਕੀ ਮਨੁੱਖਤਾ ਦੇ ਰਹਿਬਰ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ, ਜਿਨ੍ਹਾਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸੀਸ ਧੜ ਤੋਂ ਵੱਖ ਕਰਕੇ ਸ਼ਹੀਦ ਕੀਤਾ ਗਿਆ ਸੀ। ਇਸ ਝਾਕੀ ਰਾਹੀਂ ਗੁਰੂ ਸਾਹਿਬ ਜੀ ਵੱਲੋਂ ਧਾਰਮਿਕ ਆਜ਼ਾਦੀ, ਨਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਤੀ ਗਈ ਲਾਸਾਨੀ ਕੁਰਬਾਨੀ ਨੂੰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਦਰਸਾਇਆ ਗਿਆ। ਝਾਕੀ ਦੇ ਮੂਹਰਲੇ ਭਾਗ ਵਿੱਚ ਘੁੰਮਦਾ ਹੋਇਆ 'ਇੱਕ ਓਅੰਕਾਰ' ਦਾ ਚਿੰਨ੍ਹ ਸੱਚ, ਏਕਤਾ ਅਤੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇ ਰਿਹਾ ਸੀ, ਜਦਕਿ ਇੱਕ ਪ੍ਰਕਾਸ਼ਮਾਨ ਹੱਥ ਉੱਤੇ ਲਿਖਿਆ 'ਹਿੰਦ ਦੀ ਚਾਦਰ' ਗੁਰੂ ਸਾਹਿਬ ਜੀ ਦੇ ਜ਼ੁਲਮ ਵਿਰੁੱਧ ਢਾਲ ਬਣਨ ਦੇ ਅਟੱਲ ਸੰਕਲਪ ਨੂੰ ਪ੍ਰਗਟ ਕਰਦਾ ਸੀ। ਝਾਕੀ ਦੇ ਪਿਛਲੇ ਭਾਗ ਵਿੱਚ ਦਿੱਲੀ ਸਥਿਤ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਜੀ ਦਾ ਮਾਡਲ ਤਿਆਰ ਕੀਤਾ ਗਿਆ ਸੀ। ਇਸ ਦੇ ਸਾਹਮਣੇ ਘੁੰਮਦਾ ਹੋਇਆ ਖੰਡਾ ਸਾਹਿਬ ਸਥਾਪਿਤ ਕੀਤਾ ਗਿਆ ਸੀ ਅਤੇ ਨਾਲ ਹੀ ਰਾਗੀ ਸਿੰਘਾਂ ਵੱਲੋਂ ਕੀਤਾ ਜਾ ਰਿਹਾ ਸ਼ਬਦ ਕੀਰਤਨ ਪੂਰੇ ਮਾਹੌਲ ਨੂੰ ਰੂਹਾਨੀ ਰੰਗਤ ਵਿੱਚ ਰੰਗ ਰਿਹਾ ਸੀ। ਝਾਕੀ ਦੇ ਦੋਨੋਂ ਪਾਸਿਆਂ 'ਤੇ ਗੁਰੂ ਸਾਹਿਬ ਜੀ ਦੇ ਨਾਲ ਸ਼ਹੀਦ ਹੋਣ ਵਾਲੇ ਮਹਾਨ ਸਿੱਖ—ਭਾਈ ਮਤੀ ਦਾਸ ਜੀ, ਜਿਨ੍ਹਾਂ ਨੂੰ ਆਰੇ ਨਾਲ ਚੀਰਿਆ ਗਿਆ; ਭਾਈ ਸਤੀ ਦਾਸ ਜੀ, ਜਿਨ੍ਹਾਂ ਨੂੰ ਰੂੰ ਵਿੱਚ ਲਪੇਟ ਕੇ ਸਾੜਿਆ ਗਿਆ; ਅਤੇ ਭਾਈ ਦਿਆਲਾ ਜੀ, ਜਿਨ੍ਹਾਂ ਨੂੰ ਉਬਲਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ ਸੀ—ਇਨ੍ਹਾਂ ਦੀ ਸ਼ਹੀਦੀ ਦੇ ਦ੍ਰਿਸ਼ ਦਰਸਾਏ ਗਏ ਸਨ, ਜੋ ਉਨ੍ਹਾਂ ਦੇ ਅਟੁੱਟ ਵਿਸ਼ਵਾਸ ਅਤੇ ਬਹਾਦਰੀ ਦੀ ਗਵਾਹੀ ਭਰਦੇ ਹਨ। ਪੰਜਾਬ ਦੀ ਇਸ ਵਿਲੱਖਣ ਝਾਕੀ ਨੇ ਨਾ ਸਿਰਫ਼ ਸੂਬੇ ਦੀ ਅਮੀਰ ਅਧਿਆਤਮਿਕ ਅਤੇ ਇਤਿਹਾਸਕ ਵਿਰਾਸਤ ਨੂੰ ਦੇਸ਼ ਅਤੇ ਦੁਨੀਆ ਸਾਹਮਣੇ ਪੇਸ਼ ਕੀਤਾ, ਸਗੋਂ ਉਸ ਮਹਾਨ ਸ਼ਹੀਦੀ ਨੂੰ ਵੀ ਨਮਨ ਕੀਤਾ ਜੋ ਕਿਸੇ ਇੱਕ ਧਰਮ ਜਾਂ ਖੇਤਰ ਤੱਕ ਸੀਮਤ ਨਾ ਰਹਿ ਕੇ ਸਮੁੱਚੀ ਮਨੁੱਖਤਾ ਲਈ ਸਦੀਵੀ ਪ੍ਰੇਰਣਾ ਅਤੇ ਮਾਰਗਦਰਸ਼ਨ ਦਾ ਸਰੋਤ ਹੈ।








ਇਸ਼ਤਿਹਾਰ ਲਗਾਉਣ ਲਈ ਸੰਪਰਕ ਕਰੋ

support@baniniranker.com



# ਗੁਰਬਾਣੀ ਕੀਰਤਨ ਸੁਣਨ ਲਈ ਕਲਿੱਕ ਕਰੋ

















# ਨਿਤਨੇਮ ਸੁਣਨ ਲਈ ਕਲਿੱਕ ਕਰੋ





















# ਸ਼ਹੀਦ ਸਿੰਘਾਂ ਦਾ ਜੀਵਨ ਇਤਿਹਾਸ ਸੁਣਨ ਲਈ ਕਲਿੱਕ ਕਰੋ
















# ਸਿਮਰਨ ਸੁਣਨ ਲਈ ਕਲਿੱਕ ਕਰੋ















# ਗਿਆਨੀ ਪਵਿੱਤਰ ਸਿੰਘ ਜੀ : ਢਾਡੀ ਪਰੰਪਰਾ ਦੇ ਮਹਾਨ ਪ੍ਰਚਾਰਕ



ਸਿੱਖ ਧਰਮ ਵਿੱਚ ਢਾਡੀ ਪਰੰਪਰਾ ਸਿਰਫ਼ ਸੰਗੀਤ ਜਾਂ ਕਲਾ ਹੀ ਨਹੀਂ, ਸਗੋਂ ਗੁਰੂ ਦੀ ਮਹਿਮਾ, ਸਿੱਖ ਇਤਿਹਾਸ ਅਤੇ ਸ਼ਹੀਦੀ ਵਿਰਾਸਤ ਨੂੰ ਜੀਉਂਦਾ ਰੱਖਣ ਵਾਲੀ ਇੱਕ ਮਹਾਨ ਰੂਹਾਨੀ ਸੇਵਾ ਹੈ। ਇਸ ਪਰੰਪਰਾ ਨੂੰ ਨਿਸ਼ਕਾਮ ਭਾਵਨਾ, ਸੱਚੀ ਸਾਧਨਾ ਅਤੇ ਪੁਰਾਤਨ ਮਰਯਾਦਾ ਨਾਲ ਨਿਭਾਉਣ ਵਾਲੇ ਪ੍ਰਸਿੱਧ ਢਾਡੀ ਪ੍ਰਚਾਰਕ ਗਿਆਨੀ ਪਵਿੱਤਰ ਸਿੰਘ ਜੀ ਅੱਜ ਵੀ ਗੁਰੂ ਸਾਹਿਬਾਨ ਦੀ ਸ਼ਾਨ, ਸੂਰਵੀਰ ਸਿੰਘਾਂ ਦੀਆਂ ਵਾਰਾਂ ਅਤੇ ਗੁਰਸਿੱਖੀ ਆਦਰਸ਼ਾਂ ਨੂੰ ਸੰਗਤਾਂ ਤੱਕ ਪਹੁੰਚਾ ਰਹੇ ਹਨ। ਮੌਜੂਦਾ ਸਮੇਂ ਵਿੱਚ ਗਿਆਨੀ ਪਵਿੱਤਰ ਸਿੰਘ ਜੀ ਦੇ ਢਾਡੀ ਜੱਥੇ ਵਿੱਚ ਸਮਰਪਿਤ ਸਿੰਘ ਸੇਵਾ ਨਿਭਾ ਰਹੇ ਹਨ, ਜਿਨ੍ਹਾਂ ਵਿੱਚ ਭਾਈ ਬਲਜਿੰਦਰ ਸਿੰਘ ਫੂਲਾਂਵਾਲ (ਢਾਡੀ), ਸਰੰਗੀ ਮਾਸਟਰ ਭਾਈ ਗੁਰਜੀਤ ਸਿੰਘ ਛਾਪਾ ਅਤੇ ਭਾਈ ਬਲਜਿੰਦਰ ਸਿੰਘ ਮਾਂਗੇਵਾਲ (ਢਾਡੀ) ਸ਼ਾਮਲ ਹਨ। ਇਸ ਤਰ੍ਹਾਂ ਉਨ੍ਹਾਂ ਦੀ ਕਲਾ ਸਿਰਫ਼ ਗਾਇਕੀ ਤੱਕ ਸੀਮਿਤ ਨਹੀਂ, ਸਗੋਂ ਗਿਆਨ, ਵਿਚਾਰ ਅਤੇ ਅਰਥਾਂ ਨਾਲ ਭਰਪੂਰ ਹੈ। ਗਿਆਨੀ ਪਵਿੱਤਰ ਸਿੰਘ ਜੀ ਸਪਸ਼ਟ ਕਰਦੇ ਹਨ ਕਿ "ਢਾਡੀ" ਸ਼ਬਦ ਦਾ ਅਸਲ ਅਰਥ ਹੈ — ਉਸਤਤ ਕਰਨ ਵਾਲਾ। ਇਸ ਪਰੰਪਰਾ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਵਿਸ਼ੇਸ਼ ਮਾਨ ਮਿਲਿਆ, ਜਦੋਂ ਵੀਰ ਰਸ ਵਾਲੀਆਂ ਵਾਰਾਂ ਰਾਹੀਂ ਸਿੱਖਾਂ ਵਿੱਚ ਸੂਰਵੀਰਤਾ ਅਤੇ ਆਤਮਿਕ ਜੋਸ਼ ਭਰਿਆ ਗਿਆ। ਪਰੰਪਰਾਗਤ ਢਾਡੀ ਜੱਥੇ ਵਿੱਚ ਇੱਕ ਸਰੰਗੀ, ਦੋ ਢੱਡਾਂ ਵਾਲੇ ਅਤੇ ਇੱਕ ਇਤਿਹਾਸਿਕ ਵਿਆਖਿਆ ਕਰਨ ਵਾਲਾ ਪ੍ਰਚਾਰਕ ਹੁੰਦਾ ਹੈ। ਇਹੀ ਸਿੱਖ ਢਾਡੀ ਪਰੰਪਰਾ ਦਾ ਅਸਲੀ ਸਰੂਪ ਹੈ। ਗਿਆਨੀ ਜੀ ਅੱਜ ਦੇ ਸਮੇਂ ਵਿੱਚ ਢਾਡੀ ਸੰਗੀਤ ਵਿੱਚ ਆ ਰਹੀਆਂ ਤਬਦੀਲੀਆਂ ਉੱਤੇ ਗੰਭੀਰ ਚਿੰਤਾ ਜਤਾਉਂਦੇ ਹਨ। ਉਨ੍ਹਾਂ ਅਨੁਸਾਰ ਅਕਸਰ ਪੱਛਮੀ ਸੰਗੀਤ, ਢੋਲ, ਜੋੜੀ ਅਤੇ ਹੋਰ ਗੈਰ-ਪਰੰਪਰਾਗਤ ਸਾਜ਼ਾਂ ਦੀ ਵਰਤੋਂ ਹੋ ਰਹੀ ਹੈ, ਜਿਸ ਨਾਲ ਢਾਡੀ ਸੰਗੀਤ ਦੀ ਅਸਲੀ ਰੂਹ ਕਮਜ਼ੋਰ ਹੋ ਰਹੀ ਹੈ।

ਉਹ ਕਹਿੰਦੇ ਹਨ — "ਸਿੱਖ ਲਈ ਗੁਰਬਾਣੀ ਆਤਮਾ ਹੈ ਅਤੇ ਇਤਿਹਾਸ ਸਰੀਰ। ਦੋਵੇਂ ਇੱਕ ਦੂਜੇ ਤੋਂ ਬਿਨਾਂ ਅਧੂਰੇ ਹਨ। ਜਿੰਨਾ ਜ਼ਰੂਰੀ ਬਾਣੀ ਪੜ੍ਹਨੀ, ਸੁਣਨੀ ਅਤੇ ਵਿਚਾਰਨੀ ਹੈ, ਉਨਾ ਹੀ ਜ਼ਰੂਰੀ ਗੁਰੂ ਸਾਹਿਬਾਨਾਂ ਅਤੇ ਸੂਰਵੀਰ ਯੋਧਿਆਂ ਦਾ ਇਤਿਹਾਸ ਜਾਣਨਾ ਹੈ।"

ਗਿਆਨੀ ਜੀ ਇਹ ਵੀ ਦੱਸਦੇ ਹਨ ਕਿ ਅੱਜ ਕੱਲ੍ਹ ਕਈ ਕਥਾਵਾਚਕ ਅਤੇ ਕੀਰਤਨੀਏ ਆਪਣੀ ਮਰਯਾਦਾ ਤੋਂ ਹਟ ਕੇ ਇਤਿਹਾਸ ਸਰਵਣ ਕਰਾ ਰਹੇ ਹਨ, ਜਦਕਿ ਕਥਾ ਦਾ ਮੂਲ ਉਦੇਸ਼ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਕਰਨੀ ਹੈ ਅਤੇ ਇਤਿਹਾਸ ਸਿਰਫ਼ ਉਦਾਹਰਨ ਵਜੋਂ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਕੀਰਤਨੀ ਜੱਥੇ ਦਾ ਕਰਮ ਕੀਰਤਨ ਕਰਨਾ ਹੈ। ਗਿਆਨੀ ਪਵਿੱਤਰ ਸਿੰਘ ਜੀ ਕਹਿੰਦੇ ਹਨ ਕਿ ਕਈ ਵਾਰ ਸੰਗਤਾਂ ਦੇ ਮਨਾਂ ਵਿੱਚ ਇਹ ਧਾਰਨਾ ਬਣੀ ਹੁੰਦੀ ਹੈ ਕਿ ਢਾਡੀ ਸਿਰਫ਼ ਜੋਸ਼ੀਲਾ ਪਣ ਜਾਂ ਜੰਗ–ਯੁੱਧ ਦੇ ਦ੍ਰਿਸ਼ ਹੀ ਪੇਸ਼ ਕਰ ਸਕਦੇ ਹਨ, ਪਰ ਇਹ ਸੋਚ ਉਸ ਸਮੇਂ ਗਲਤ ਸਾਬਤ ਹੋ ਜਾਂਦੀ ਹੈ ਜਦੋਂ ਸਮਰੱਥ ਢਾਡੀ ਸਮੇਂ ਅਤੇ ਸੰਗਤ ਦੀ ਭਾਵਨਾ ਨੂੰ ਸਮਝਦੇ ਹੋਏ ਪ੍ਰੇਮ, ਭਗਤੀ ਅਤੇ ਆਤਮਿਕ ਸੰਦੇਸ਼ ਵਾਲੇ ਪ੍ਰਸੰਗ ਪੇਸ਼ ਕਰਦੇ ਹਨ। ਉਹ ਮੰਨਦੇ ਹਨ ਕਿ ਪ੍ਰਚਾਰਕ ਦਾ ਜੀਵਨ ਸਮਾਜ ਵਰਗਾ ਨਹੀਂ, ਸਗੋਂ ਸਮਾਜ ਨਾਲੋਂ ਉੱਚਾ ਹੋਣਾ ਚਾਹੀਦਾ ਹੈ। ਗਿਆਨੀ ਜੀ ਅਨੁਸਾਰ ਜੱਥੇ ਦੇ ਮੁਖੀ ਨੂੰ ਆਪਣੇ ਸਾਥੀਆਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਅੱਜ ਕੱਲ੍ਹ ਕੁਝ ਪ੍ਰਚਾਰਕ ਆਪਣੇ ਸਾਥੀਆਂ ਨੂੰ ਦਿਹਾੜੀਦਾਰ ਬਣਾ ਕੇ ਰੱਖਦੇ ਹਨ, ਪ੍ਰਬੰਧਕਾਂ ਕੋਲੋਂ ਮਾਇਆ ਵੱਧ ਲੈ ਕੇ ਸਾਥੀਆਂ ਨੂੰ ਘੱਟ ਦਿੰਦੇ ਹਨ — ਜੋ ਕਿ ਢਾਡੀ ਪਰੰਪਰਾ ਦੇ ਸਿਧਾਂਤਾਂ ਦੇ ਵਿਰੁੱਧ ਹੈ। ਸਾਥੀਆਂ ਨੂੰ ਸਤਿਕਾਰ ਅਤੇ ਬਰਾਬਰ ਦਾ ਹਿੱਸਾ ਦੇਣਾ ਹੀ ਗੁਰਮਤਿ ਅਨੁਸਾਰ ਹੈ। ਗਿਆਨੀ ਪਵਿੱਤਰ ਸਿੰਘ ਜੀ ਇਹ ਵੀ ਦੱਸਦੇ ਹਨ ਕਿ ਰੁੜਕਾਂ ਕਲਾਂ ਵਿੱਚ ਉਹ ਬੱਚਿਆਂ ਨੂੰ ਢੱਡ ਅਤੇ ਸਰੰਗੀ ਦੀ ਸਿੱਖਿਆ ਵੀ ਦੇ ਰਹੇ ਹਨ, ਜਿੱਥੇ ਨੌਜਵਾਨ ਬੱਚੇ ਆ ਕੇ ਪੁਰਾਤਨ ਸਾਜ਼ਾਂ ਦੀ ਵਿਦਿਆ ਸਿੱਖ ਰਹੇ ਹਨ। ਅੰਤ ਵਿੱਚ, ਗਿਆਨੀ ਪਵਿੱਤਰ ਸਿੰਘ ਜੀ ਦਾ ਮੰਨਣਾ ਹੈ ਕਿ ਜਿਹੜਾ ਨੌਜਵਾਨ ਗੁਰੂ ਸ਼ਬਦ ਅਤੇ ਗੁਰ ਇਤਿਹਾਸ ਨਾਲ ਜੁੜਦਾ ਹੈ, ਉਹ ਨਸ਼ਿਆਂ, ਵਿਕਾਰਾਂ ਅਤੇ ਮਾੜੀ ਸੰਗਤ ਤੋਂ ਆਪੇ ਹੀ ਬਚ ਜਾਂਦਾ ਹੈ। ਸਿੱਖੀ ਸਰੂਪ, ਸਿੱਖੀ ਮੁੱਲਾਂ ਅਤੇ ਗੁਰੂ ਘਰ ਨਾਲ ਜੁੜਨਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਗਿਆਨੀ ਪਵਿੱਤਰ ਸਿੰਘ ਜੀ ਦੀ ਜੀਵਨ ਯਾਤਰਾ ਸਾਨੂੰ ਸਿਖਾਉਂਦੀ ਹੈ ਕਿ ਢਾਡੀ ਪਰੰਪਰਾ ਸਿਰਫ਼ ਕਲਾ ਨਹੀਂ, ਸਗੋਂ ਗੁਰੂ ਦੀ ਅਮਾਨਤ ਹੈ। ਪੁਰਾਤਨ ਮਰਯਾਦਾ, ਸਹਿਜਤਾ, ਨਿਮਰਤਾ ਅਤੇ ਸੱਚੀ ਸਾਧਨਾ ਨਾਲ ਕੀਤੀ ਗਈ ਸੇਵਾ ਹੀ ਸਿੱਖੀ ਦੀ ਅਸਲੀ ਖੂਬਸੂਰਤੀ ਹੈ। ਅਸੀਂ ਅਰਦਾਸ ਕਰਦੇ ਹਾਂ ਕਿ ਗੁਰੂ ਸਾਹਿਬ ਗਿਆਨੀ ਪਵਿੱਤਰ ਸਿੰਘ ਜੀ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਉਨ੍ਹਾਂ ਰਾਹੀਂ ਸਿੱਖ ਇਤਿਹਾਸ ਅਤੇ ਢਾਡੀ ਵਿਰਾਸਤ ਦੀ ਜੋਤ ਸਦਾ ਰੌਸ਼ਨ ਰਹੇ।

ਗਿਆਨੀ ਪਵਿੱਤਰ ਸਿੰਘ ਜੀ ਦਾ ਜਨਮ ਸਾਲ 1964 ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਸਵਰਗਵਾਸੀ ਸਰਦਾਰ ਸੰਤੋਖ ਸਿੰਘ ਜੀ ਅਤੇ ਮਾਤਾ ਗੁਰਮੇਜ ਕੌਰ ਜੀ ਨੇ ਉਨ੍ਹਾਂ ਨੂੰ ਸਿੱਖ ਮਰਿਯਾਦਾ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਧਰਮ ਪਤਨੀ ਹਰਜਿੰਦਰ ਕੌਰ ਜੀ ਦੀ ਕੁੱਖੋਂ ਇੱਕ ਪੁੱਤਰ ਅਤੇ ਦੋ ਲੜਕੀਆਂ ਨੇ ਜਨਮ ਲਿਆ। ਉਨ੍ਹਾਂ ਦੀਆਂ ਦੋਨੋਂ ਬੇਟੀਆਂ ਇੰਗਲੈਂਡ ਵਿੱਚ ਵਿਆਹੀਆਂ ਹੋਈਆਂ ਹਨ। ਪਰ ਪਰਿਵਾਰਿਕ ਜੀਵਨ ਵਿੱਚ ਉਨ੍ਹਾਂ ਨੇ ਖੁਸ਼ੀਆਂ ਦੇ ਨਾਲ-ਨਾਲ ਗਹਿਰੇ ਦੁੱਖ ਵੀ ਵੇਖੇ। ਉਨ੍ਹਾਂ ਦਾ ਇਕਲੌਤਾ ਪੁੱਤਰ ਸਾਲ 2021 ਵਿੱਚ ਕੇਵਲ 29 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਿਆ, ਜਿਸ ਦੁੱਖ ਨੂੰ ਗਿਆਨੀ ਜੀ ਨੇ ਗੁਰੂ ਦੀ ਰਜ਼ਾ ਸਮਝ ਕੇ ਸਹਿਜਤਾ ਨਾਲ ਸਵੀਕਾਰ ਕੀਤਾ। ਉਨ੍ਹਾਂ ਦਾ ਸਭ ਤੋਂ ਛੋਟਾ ਭਰਾ ਭਾਈ ਰਣਜੀਤ ਸਿੰਘ ਜੀ ਪ੍ਰਸਿੱਧ ਸਰੰਗੀ ਮਾਸਟਰ ਹਨ, ਜੋ ਢਾਡੀ ਸੰਗੀਤ ਦੀ ਪਰੰਪਰਾ ਨੂੰ ਸਮਰਪਿਤ ਭਾਵਨਾ ਨਾਲ ਅੱਗੇ ਵਧਾ ਰਹੇ ਹਨ। ਗਿਆਨੀ ਪਵਿੱਤਰ ਸਿੰਘ ਜੀ ਦੱਸਦੇ ਹਨ ਕਿ ਉਨ੍ਹਾਂ ਨੂੰ ਸਕੂਲ ਦੇ ਸਮੇਂ ਤੋਂ ਹੀ ਢਾਡੀ ਗਾਉਣ ਦਾ ਚਾਅ ਸੀ। ਪੜ੍ਹਾਈ ਦੇ ਨਾਲ-ਨਾਲ ਇਤਿਹਾਸ ਅਤੇ ਵਾਰਾਂ ਪ੍ਰਤੀ ਡੂੰਘੀ ਖਿੱਚ ਇਸ ਰਾਹ ਵੱਲ ਲੈ ਗਈ। ਜੂਨ 1984 ਵਿੱਚ ਉਹ ਪਹਿਲੀ ਵਾਰ ਇੰਗਲੈਂਡ ਗਏ ਅਤੇ ਸਾਲ 1986 ਤੋਂ ਇੰਗਲੈਂਡ ਵਿੱਚ ਢਾਡੀ ਸੇਵਾ ਦੀ ਸ਼ੁਰੂਆਤ ਕੀਤੀ। ਢਾਡੀ ਸੰਗੀਤ ਦੀ ਮੁੱਢਲੀ ਸਿੱਖਿਆ ਉਨ੍ਹਾਂ ਨੇ ਪ੍ਰਸਿੱਧ ਸਰੰਗੀ ਮਾਸਟਰ ਸੋਹਣ ਸਿੰਘ ਜੀ, ਜਿਨ੍ਹਾਂ ਨੂੰ "ਬਾਦਸ਼ਾਹ" ਕਿਹਾ ਜਾਂਦਾ ਸੀ, ਕੋਲੋਂ ਪ੍ਰਾਪਤ ਕੀਤੀ। ਉਨ੍ਹਾਂ ਦੀ ਪ੍ਰੇਰਣਾ ਨਾਲ ਗਿਆਨੀ ਸੋਹਣ ਸਿੰਘ ਜੀ ਸੀਤਲ ਨੂੰ ਆਪਣਾ ਉਸਤਾਦ ਧਾਰਨ ਕਰਕੇ ਇਤਿਹਾਸਕ ਲੈਕਚਰ ਅਤੇ ਪ੍ਰਚਾਰ ਦੀ ਵਿਦਿਆ ਹਾਸਲ ਕੀਤੀ।

# 499 ਰੁ ਦੀ ਆਡੀਓ ਅਤੇ ਵੀਡੀਓ ਸਬਸਕ੍ਰਿਪਸ਼ਨ ਦੇ ਨਾਲ ਬਾਣੀ ਨਿਰੰਕਾਰ ਬਲੂਟੁੱਥ ਸਪੀਕਰ ਮੁਫ਼ਤ





## ਬਾਣੀ ਨਿਰੰਕਾਰ ਕੁਇਜ਼

ਹਫ਼ਤਾਵਰੀ ਚੁਣੇ ਗਏ ਜੇਤੂ ਨੂੰ ਬਾਣੀ ਨਿਰੰਕਾਰ ਐਪ ਦੀ ਤਿੰਨ ਮਹੀਨਿਆਂ ਦੀ ਸਬਸਕ੍ਰਿਪਸ਼ਨ ਅਤੇ ਹਰ ਮਹੀਨੇ ਦੇ ਜੇਤੂ ਨੂੰ ਬਾਣੀ ਨਿਰੰਕਾਰ ਬਲੂਟੁੱਥ ਸਪੀਕਰ ਮੁਫ਼ਤ ਮਿਲੇਗਾ। ਹੁਣੇ ਹੀ ਜਵਾਬ ਦਿਉ ਸਾਡੇ ਇੰਸਟਾਗ੍ਰਾਮ ਅਤੇ ਫੇਸਬੁੱਕ ਕੁਇਜ਼ ਪੋਸਟ 'ਤੇ।

CLICK HERE




## ਕੀ ਤੁਸੀ ਜਾਣਦੇ ਹੋ ?



ਸ਼ਹੀਦ ਬਾਬਾ ਮੋਤੀ ਰਾਮ ਜੀ ਮਹਿਰਾ ਦਾ ਜਨਮ ਭਾਈ ਹਰਾ ਰਾਮ ਤੇ ਮਾਤਾ ਲੱਧੋ ਜੀ ਦੇ ਗ੍ਰਹਿ ਸੰਗਤਪੁਰ ਸੋਢੀਆਂ ਵਿਖੇ ਸੰਨ 1677 ਈ. ਦੇ ਆਸਪਾਸ ਹੋਇਆ ਮੰਨਿਆ ਜਾਂਦਾ ਹੈ। ਕਵੀ ਕਿਸ਼ਨ ਸਿੰਘ ਅਨੁਸਾਰ ਬਾਬਾ ਮੋਤੀ ਰਾਮ ਜੀ ਪੰਜ ਪਿਆਰਿਆਂ ਵਿੱਚੋਂ ਪਿਆਰੇ ਭਾਈ ਹਿੰਮਤ ਸਿੰਘ ਜੀ ਦੇ ਭਤੀਜੇ ਸਨ। ਬਾਬਾ ਮੋਤੀ ਰਾਮ ਜੀ ਵਜ਼ੀਰ ਖ਼ਾਨ ਦੇ ਹਿੰਦੁਸਤਾਨੀ ਕੈਦੀਆਂ ਦੇ ਰਸੋਈਏ ਸਨ। ਠੰਢੇ ਬੁਰਜ ਵਿੱਚ ਜਦ ਮਾਤਾ ਜੀ ਨੇ ਜ਼ਾਲਮ ਹਕੂਮਤ ਦਾ ਪਰਸ਼ਾਦਾ ਛਕਣ ਤੋਂ ਨਾਂਹ ਕਰ ਦਿੱਤੀ ਤਾਂ ਬਾਬਾ ਜੀ ਨੇ ਮਾਤਾ ਜੀ ਅਤੇ ਲਾਲਾਂ ਨੂੰ ਘਰੋਂ ਲਿਆ ਕੇ ਦੁੱਧ ਛਕਾਇਆ ਸੀ। ਜਦੋਂ ਵਜ਼ੀਰ ਖ਼ਾਨ ਨੂੰ ਪਤਾ ਲੱਗਾ ਕਿ ਬਾਬਾ ਮੋਤੀ ਰਾਮ ਜੀ ਮਹਿਰਾ ਨੇ ਹਕੂਮਤ ਤੋਂ ਬਾਗ਼ੀ ਹੋ ਕੇ ਗੁਰੂ ਪਰਿਵਾਰ ਦੀ ਸੇਵਾ ਕੀਤੀ ਹੈ। ਜਿਸ ਦੇ ਬਦਲੇ ਬਾਬਾ ਜੀ ਦੀ ਮਾਤਾ, ਪਤਨੀ ਅਤੇ 7 ਸਾਲ ਦੇ ਸਪੁੱਤਰ ਨੂੰ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਸਰਬੰਸ ਦਾਨੀ ਸਿੱਖ ਪਰਿਵਾਰ ਸਮੇਤ ਸ਼ਹਾਦਤ ਪਾ ਕੇ ਸਦਾ ਲਈ ਅਮਰ ਹੋ ਗਿਆ।

# Bani Nirankar App Reviews

Al Baba
★★★★★ 21/12/25
waheguru mehar karo

Paramveer Singh Bindra
★★★★★ 15/01/26
🙏Bani nirankar very good 🙏

Inderjit Singh Chugh
★★★★★ 18/01/26
ਗੁਰਬਾਣੀ ਪੜੋ ਗੁਰਬਾਣੀ ਸੁਣੋ ਇਸ ਏਪ ਰਾਹੀਂ ਗੁਰਬਾਣੀ ਦਾ ਵੱਧ ਤੋਂ ਵੱਧ ਪ੍ਰਚਾਰ ਕਰੋ ਤਾਂ ਜੋ ਸਾਡੇ ਸਿੱਖ ਧਰਮ ਦੀ ਚੜ੍ਹਦੀ ਕਲਾ ਬਣੀ ਰਹੇ 🙏ਵਾਹਿਗੁਰੂ ਜੀ ਕਾ ਖਾਲਸਾ🙏 🙏ਵਾਹਿਗੁਰੂ ਜੀ ਕੀ ਫਤਿਹ 🙏

pintu Dj
★★★★★ 04/01/26
super Best 💯

Paramjit Singh
★★★★★ 25/01/26
nice

Gurjinder singh
★★★★☆ 29/12/25
best app

**ਆਪਣਾ ਫੀਡਬੈਕ ਦੇਣ ਲਈ ਕਲਿਕ ਕਰੋ** CLICK HERE

# ਪੋਡਕਾਸਟ ਭਾਗ ਵਿੱਚ ਸਿੱਖ ਇਤਿਹਾਸ ਦੀਆਂ ਸਾਖੀਆਂ ਸੁਣੋ

## ਬਾਦਸ਼ਾਹ ਹਮਾਯੂੰ ਅਤੇ ਗੁਰੂ ਅੰਗਦ ਦੇਵ ਜੀ




ਦਿੱਲੀ ਦੇ ਬਾਦਸ਼ਾਹ ਬਾਬਰ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਹਮਾਯੂੰ ਮੁਗਲ ਸਲਤਨਤ ਦਾ ਬਾਦਸ਼ਾਹ ਬਣਿਆ। ਕੁਝ ਸਮੇਂ ਬਾਅਦ ਹਮਾਯੂੰ ਦੀ ਸ਼ੇਰਸ਼ਾਹ ਸੂਰੀ ਨਾਲ ਅਣਬਣ ਹੋ ਗਈ, ਜਿਸ ਕਾਰਨ ਦੋਹਾਂ ਵਿਚਕਾਰ ਭਿਆਨਕ ਜੰਗ ਹੋਈ। ਇਸ ਜੰਗ ਵਿੱਚ ਹਮਾਯੂੰ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਸ਼ੇਰਸ਼ਾਹ ਸੂਰੀ ਹਿੰਦੁਸਤਾਨ ਦਾ ਸ਼ਾਸਕ ਬਣ ਗਿਆ। ਆਪਣੀ ਜਾਨ ਬਚਾਉਣ ਲਈ ਹਮਾਯੂੰ ਪੰਜਾਬ ਵੱਲ ਭੱਜ ਆਇਆ।

ਪੰਜਾਬ ਪਹੁੰਚ ਕੇ ਹਮਾਯੂੰ ਨੂੰ ਯਾਦ ਆਇਆ ਕਿ ਉਸ ਦੇ ਪਿਤਾ ਬਾਬਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸੱਤ ਬਾਦਸ਼ਾਹੀਆਂ ਦਾ ਵਰ ਪ੍ਰਾਪਤ ਕੀਤਾ ਸੀ। ਇਹ ਸੋਚ ਕੇ ਹਮਾਯੂੰ ਦੇ ਮਨ ਵਿੱਚ ਸੰਦੇਹ ਉਠਿਆ ਕਿ ਜੇ ਗੁਰੂ ਜੀ ਦਾ ਬਚਨ ਸੱਚ ਸੀ ਤਾਂ ਫਿਰ ਇਹ ਹਾਲਤ ਕਿਉਂ ਬਣੀ। ਉਸ ਨੇ ਆਪਣੇ ਵਜ਼ੀਰ ਨੂੰ ਪੁੱਛਿਆ ਕਿ ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਕੌਣ ਬਿਰਾਜਮਾਨ ਹਨ।

ਵਜ਼ੀਰ ਨੇ ਉੱਤਰ ਦਿੱਤਾ, "ਬਾਦਸ਼ਾਹ! ਇਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹਨ ਅਤੇ ਉਹਨਾਂ ਦਾ ਡੇਰਾ ਖਡੂਰ ਸਾਹਿਬ ਵਿੱਚ ਹੈ।" ਇਹ ਸੁਣ ਕੇ ਹਮਾਯੂੰ ਖਡੂਰ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਪਹੁੰਚਿਆ। ਉਸ ਵੇਲੇ ਗੁਰੂ ਅੰਗਦ ਦੇਵ ਜੀ ਬੱਚਿਆਂ ਨੂੰ ਸਿੱਖਿਆ ਦੇ ਰਹੇ ਸਨ। ਹਮਾਯੂੰ ਨੇ ਅੱਗੇ ਵੱਧ ਕੇ ਨਮਸਕਾਰ ਕੀਤੀ ਅਤੇ ਸਾਹਮਣੇ ਖੜ੍ਹਾ ਹੋ ਗਿਆ, ਪਰ ਗੁਰੂ ਜੀ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ।

ਕੁਝ ਸਮਾਂ ਇਸ ਤਰ੍ਹਾਂ ਖੜ੍ਹੇ ਰਹਿਣ ਤੋਂ ਬਾਅਦ ਹਮਾਯੂੰ ਨੂੰ ਗੁੱਸਾ ਆ ਗਿਆ। ਉਸ ਦੇ ਮਨ ਵਿੱਚ ਅਹੰਕਾਰ ਉੱਠਿਆ ਕਿ ਮੇਰੀ ਰਤਾ ਭਰ ਵੀ ਪਰਵਾਹ ਨਹੀਂ ਕੀਤੀ ਗਈ। ਗੁੱਸੇ ਵਿੱਚ ਆ ਕੇ ਉਸ ਨੇ ਮਿਆਨ ਵਿਚੋਂ ਤਲਵਾਰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਉਸ ਦਾ ਹੱਥ ਮਿਆਨ ਨਾਲ ਹੀ ਜਮ ਗਿਆ।

ਤਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਵੱਲ ਤੱਕ ਕੇ ਕਿਹਾ, "ਹਮਾਯੂੰ! ਇਹ ਤੇਰੀ ਤਲਵਾਰ ਉਸ ਵੇਲੇ ਕਿੱਥੇ ਸੀ, ਜਦ ਤੂੰ ਸ਼ੇਰਸ਼ਾਹ ਸੂਰੀ ਕੋਲੋਂ ਹਾਰ ਕੇ ਭੱਜ ਆਇਆ ਸੀ? ਉੱਥੇ ਤੇਰਾ ਕੁਝ ਵੱਸ ਨਾ ਚੱਲਿਆ ਅਤੇ ਤੂੰ ਕਾਇਰ ਬਣ ਕੇ ਭੱਜ ਗਿਆ। ਹੁਣ ਇੱਥੇ ਆ ਕੇ ਕਿਹੜੀ ਬਹਾਦਰੀ ਵਿਖਾਉਣਾ ਚਾਹੁੰਦਾ ਹੈਂ?"

ਗੁਰੂ ਜੀ ਦੇ ਇਹ ਸੱਚੇ ਬਚਨ ਸੁਣ ਕੇ ਹਮਾਯੂੰ ਬਹੁਤ ਸ਼ਰਮਿੰਦਗੀ ਮਹਿਸੂਸ ਕਰਨ ਲੱਗਾ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮੇਰੇ ਤੋਂ ਭੁੱਲ ਹੋ ਗਈ ਹੈ, ਮੈਨੂੰ ਬਖ਼ਸ਼ ਦਿਉ।" ਫਿਰ ਹਮਾਯੂੰ ਨੇ ਨਿਮਰਤਾ ਨਾਲ ਕਿਹਾ, "ਮੈਂ ਆਪ ਜੀ ਪਾਸ ਇਹ ਪੁੱਛਣ ਆਇਆ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਖੁਦਾ ਦਾ ਰੂਪ ਸਨ, ਉਹਨਾਂ ਨੇ ਮੇਰੇ ਪਿਤਾ ਨੂੰ ਸੱਤ ਬਾਦਸ਼ਾਹੀਆਂ ਦਾ ਰਾਜ ਬਖ਼ਸ਼ਿਆ ਸੀ। ਫਿਰ ਅੱਜ ਉਹਨਾਂ ਦਾ ਇਹ ਬਚਨ ਝੂਠਾ ਕਿਉਂ ਦਿੱਸ ਰਿਹਾ ਹੈ?"

**ਪੂਰੀ ਸਾਖੀ ਸੁਣਨ ਲਈ ਕਲਿੱਕ ਕਰੋ** CLICK HERE

# ਫਰਵਰੀ ਮਹੀਨਾ ਕੈਲੰਡਰ

| | |
|---|---|
| • ਪੂਰਨਮਾਸੀ | 01 ਫਰਵਰੀ 2026 |
| • ਜਨਮ ਦਿਹਾੜਾ ਭਗਤ ਰਵਿਦਾਸ ਜੀ | 01 ਫਰਵਰੀ 2026 |
| • ਵੱਡਾ ਘੱਲੂਘਾਰਾ ਕੁੱਪ ਰੋਹੀੜਾ (ਸੰਗਰੂਰ) | 09 ਫਰਵਰੀ 2026 |
| • ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | 11 ਫਰਵਰੀ 2026 |
| • ਸੰਗਰਾਂਦ | 12 ਫਰਵਰੀ 2026 |
| • ਮੱਸਿਆ | 17 ਫਰਵਰੀ 2026 |
| • ਸਾਕਾ ਨਨਕਾਣਾ ਸਾਹਿਬ | 21 ਫਰਵਰੀ 2026 |
| • ਜੈਤੋ ਦਾ ਮੋਰਚਾ (ਫਰੀਦਕੋਟ) | 21 ਫਰਵਰੀ 2026 |

# ਬਾਣੀ ਨਿਰੰਕਾਰ ਐਪ ਰਾਹੀਂ ਚੈਰਟੀ ਅਤੇ ਦਾਨ ਕਰੋ

## ਗੁਰਦੁਆਰਾ ਮੁਕਤਸਰ ਸਾਹਿਬ

ਸ੍ਰੀ ਮੁਕਤਸਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਹੈ। ਮੁਕਤਸਰ ਸਾਹਿਬ ਦਾ ਪੁਰਾਤਨ ਨਾਮ 'ਖਿਦਰਾਣੇ ਦੀ ਢਾਬ' ਸੀ, ਜੋ ਅੱਜ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਪਵਿੱਤਰ ਅਸਥਾਨ 'ਤੇ ਗੁਰੂ ਜੀ ਨੇ ਮੁਗਲ ਹਕੂਮਤ ਦੇ ਵਿਰੁੱਧ ਆਖਰੀ ਲੜਾਈ ਲੜੀ ਅਤੇ ਉਨ੍ਹਾਂ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਸੀ। ਇਥੇ ਹੀ ਗੁਰੂ ਜੀ ਨੇ ਆਪਣੇ ਤੋਂ ਬੇਮੁਖ ਹੋਏ ਚਾਲੀ ਸਿੰਘਾਂ ਦਾ ਬੇਦਾਵਾ ਪਾੜ ਕੇ ਉਨ੍ਹਾਂ ਨੂੰ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਕੀਤਾ ਸੀ। ਸੰਨ 1705 ਈ. ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ 'ਤੇ ਕਈ ਮਹੀਨਿਆਂ ਦੀ ਘੇਰਾਬੰਦੀ ਕਾਰਨ ਕਿਲ੍ਹੇ ਅੰਦਰ ਰਾਸ਼ਨ ਪਾਣੀ ਦੀ ਭਾਰੀ ਕਮੀ ਹੋ ਗਈ। ਭੁੱਖ ਅਤੇ ਤੰਗੀ ਕਾਰਨ ਕੁਝ ਸਿੰਘਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਦੀ ਸਲਾਹ ਦਿੱਤੀ। ਗੁਰੂ ਜੀ ਨੇ ਕੁਝ ਸਮਾਂ ਹੋਰ ਧੀਰਜ ਧਾਰਨ ਲਈ ਕਿਹਾ, ਪਰ ਉਨ੍ਹਾਂ ਵਿੱਚੋਂ ਚਾਲੀ ਸਿੰਘਾਂ ਨੇ ਗੁਰੂ ਜੀ ਨੂੰ ਬੇਦਾਵਾ ਲਿਖ ਦਿੱਤਾ ਕਿ 'ਅਸੀਂ ਤੁਹਾਡੇ ਸਿੱਖ ਨਹੀਂ ਅਤੇ ਤੁਸੀਂ ਸਾਡੇ ਗੁਰੂ ਨਹੀਂ,' ਅਤੇ ਮੈਦਾਨ ਛੱਡ ਕੇ ਚਲੇ ਗਏ। ਗੁਰੂ ਜੀ ਚਮਕੌਰ ਸਾਹਿਬ ਦੀ ਜੰਗ ਉਪਰੰਤ ਮਾਛੀਵਾੜੇ ਤੋਂ ਹੁੰਦੇ ਹੋਏ ਖਿਦਰਾਣੇ ਦੀ ਢਾਬ ਵੱਲ ਚੱਲ ਪਏ। ਦੂਜੇ ਪਾਸੇ ਮੁਗਲ ਫੌਜਾਂ ਗੁਰੂ ਜੀ ਦਾ ਪਿੱਛਾ ਕਰਦੀਆਂ ਹੋਈਆਂ ਪਹੁੰਚ ਗਈਆਂ, ਜਿੱਥੇ ਭਿਆਨਕ ਜੰਗ ਹੋਈ। ਉੱਧਰ ਜਦ ਉਹ ਚਾਲੀ ਸਿੰਘ ਆਪਣੇ ਘਰ ਪਹੁੰਚੇ ਤਾਂ ਮਾਈ ਭਾਗੋ ਜੀ ਅਤੇ ਉਨ੍ਹਾਂ ਦੀਆਂ ਘਰਵਾਲੀਆਂ ਨੇ ਬਹੁਤ ਫਿਟਕਾਰਿਆ। ਮਾਈ ਭਾਗੋ ਜੀ ਦੀ ਅਗਵਾਈ ਹੇਠ ਚਾਲੀ ਸਿੰਘਾਂ ਦਾ ਜੱਥਾ ਗੁਰੂ ਜੀ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ ਪਹੁੰਚ ਗਿਆ। ਇਸ ਜੰਗ ਵਿੱਚ ਮਾਈ ਭਾਗੋ ਜੀ ਨੇ ਅਦਭੁੱਤ ਬਹਾਦਰੀ ਦੇ ਜੌਹਰ ਵਿਖਾਏ। ਅੰਤ ਵਿੱਚ ਦੁਸ਼ਮਣ ਫੌਜਾਂ ਭੱਜ ਗਈਆਂ ਅਤੇ ਖਾਲਸੇ ਨੂੰ ਜਿੱਤ ਪ੍ਰਾਪਤ ਹੋਈ।

## ਚੈਰਟੀ ਅਤੇ ਦਾਨ

### ਤੁਹਾਡਾ ਯੋਗਦਾਨ ਮਹੱਤਵ ਰੱਖਦਾ ਹੈ

- ਹੁਣੇ ਦਾਨ ਕਰੋ
- ਆਓ ਮਿਲ ਕੇ ਬਦਲਾਅ ਕਰੀਏ
- ਕਿਸੇ ਦੀ ਖੁਸ਼ੀ ਦਾ ਹਿੱਸਾ ਬਣੀਏ








ਜਦ ਗੁਰੂ ਗੋਬਿੰਦ ਸਿੰਘ ਜੀ ਸ਼ਹੀਦ ਸਿੰਘਾਂ ਨੂੰ ਬਖਸ਼ਿਸ਼ਾਂ ਦੇ ਰਹੇ ਸਨ ਅਤੇ ਭਾਈ ਮਹਾਂ ਸਿੰਘ ਜੀ ਕੋਲ ਪਹੁੰਚੇ, ਤਾਂ ਗੁਰੂ ਜੀ ਨੇ ਉਨ੍ਹਾਂ ਦਾ ਮੁੱਖੜਾ ਸਾਫ਼ ਕਰਕੇ ਸੀਸ ਆਪਣੀ ਗੋਦ ਵਿੱਚ ਰੱਖਿਆ ਅਤੇ ਛਾਤੀ ਨਾਲ ਲਗਾ ਕੇ ਕਿਹਾ, "ਭਾਈ ਮਹਾਂ ਸਿੰਘ! ਤੁਸੀਂ ਸਿੱਖੀ ਸਿਦਕ ਦੀ ਪੂਰੀ ਪਾਲਣਾ ਕੀਤੀ ਹੈ। ਜੋ ਚਾਹੋ ਮੰਗ ਲਓ।" ਭਾਈ ਮਹਾਂ ਸਿੰਘ ਜੀ ਨੇ ਨਿਮਰਤਾ ਨਾਲ ਕਿਹਾ, "ਪਾਤਸ਼ਾਹ! ਜੋ ਬੇਦਾਵਾ ਅਸੀਂ ਲਿਖਿਆ ਸੀ, ਉਹ ਪਾੜ ਦਿਓ ਅਤੇ ਮਾਝੇ ਦੇ ਸਿੱਖਾਂ ਦੀ ਟੁੱਟੀ ਹੋਈ ਸਿੱਖੀ ਮੁੜ ਗੰਢ ਲਵੋ।" ਗੁਰੂ ਜੀ ਨੇ ਬੇਦਾਵਾ ਪਾੜ ਦਿੱਤਾ ਅਤੇ ਮਾਝੇ ਦੇ ਸਿੰਘਾਂ ਨੂੰ ਮਾਣ ਬਖ਼ਸ਼ਿਆ। ਇਸ ਤਰ੍ਹਾਂ ਚਾਲੀ ਸਿੰਘਾਂ ਨੇ ਸਿੱਖੀ ਸਿਦਕ ਦੀ ਪਾਲਣਾ ਕਰਦਿਆਂ ਕੇਸਾਂ-ਸੁਆਸਾਂ ਨਾਲ ਸਿੱਖੀ ਨਿਭਾਈ ਅਤੇ ਮਹਾਨ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਸਾਹਿਬ ਜੀ ਨੇ ਇਸ ਢਾਬ ਨੂੰ 'ਮੁਕਤੀ ਦਾ ਸਰੋਵਰ' ਹੋਣ ਦਾ ਵਰਦਾਨ ਦਿੱਤਾ।

**ਗੁਰਦੁਆਰਾ ਮੁਕਤਸਰ ਸਾਹਿਬ ਦਾ ਇਤਿਹਾਸ ਸੁਣਨ ਲਈ ਕਲਿੱਕ ਕਰੋ** CLICK HERE




# ਵਟਸਐੱਪ ਚੈਨਲ ਵਿੱਚ ਜੁੜਨ ਲਈ ਕਲਿੱਕ ਕਰੋ

**CLICK HERE TO JOIN BANI NIRANKAR WHATSAPP GROUP**

## ਰਾਗੀ ਸਾਹਿਬਾਨ ਬਾਣੀ ਨਿਰੰਕਾਰ ਐਪ 'ਤੇ ਵੈਰੀਫਾਈ ਕਰਨ ਲਈ ਕਲਿੱਕ ਕਰੋ

**www.baninirankar.com/raagisahibanregistration**

- 20000+ ਘੰਟਿਆਂ ਤੋਂ ਵੱਧ ਉੱਚ ਗੁਣਵੱਤਾ ਵਾਲੀ ਆਡੀਓ ਅਤੇ ਵੀਡੀਓ ਗੁਰਬਾਣੀ ਕੀਰਤਨ
- ਆਪਣੀ ਪਸੰਦੀਦਾ ਭਾਸ਼ਾ ਅੰਗਰੇਜ਼ੀ ਜਾਂ ਪੰਜਾਬੀ ਵਿੱਚ ਬਾਣੀ ਨਿਰੰਕਾਰ ਐਪ ਦਾ ਆਨੰਦ ਮਾਣ ਸਕਦੇ ਹੋ।
- ਗੁਰਬਾਣੀ ਪੜ੍ਹੋ ਅਤੇ ਨਾਲ ਹੀ ਸੁਣੋ
- ਦੁਨੀਆਂ ਭਰ ਦੇ ਗੁਰਦੁਆਰਿਆਂ ਤੋਂ ਸਿੱਧਾ ਪ੍ਰਸਾਰਣ
- ਸਾਖੀਆਂ ਦੀ 1000+ ਘੰਟੇ ਦੀ ਆਡੀਓ
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਡੀਓ ਅਤੇ ਵੀਡਿਓ ਗੁਰਬਾਣੀ ਰਿਕਾਰਡਿੰਗ।
- ਸਿੱਖ ਧਰਮ ਦੇ ਉਤਪਾਦਾਂ ਦੀ ਆਨਲਾਈਨ ਦੁਕਾਨ
- ਡੋਨੇਸ਼ਨ ਪੋਰਟਲ




### Bani Nirankar Team

| | |
|---|---|
| Managing Director | - Vipul Pradhan |
| Writer & Designer | - Navjot Kaur |
| Manager Operations | - Vishal Mandavariya<br>Abhishek Chitapol |
| Special Thanks | - Dhadi Jatha Giani Pavitar Singh Ji<br>Balbir Singh Bhatia (Amritt Saagar)<br>Karanpreet Singh Bhatia (Amritt Saagar) |

www.baninirankar.com

For Ads on newsletter and application contact email - support@baninirankar.com

DOWNLOAD OUR APP

Download on App Store

GET IT ON Google Play

www.baninirankar.com

Further Queries use email :
support@baninirankar.com
For Support Call :
90 51 50 1313

JOIN US NOW

/BaniNirankar13